# THE PUNJAB STATE BOARD OF TECHNICAL EDUCATION AND INDUSTRIAL TRAINING

PLOT NO. 1-A, SEC. 36-A, CHANDIGARH PH. : 615385, 622584-85 FAX : 660734

No.PSBTE&IT/ITI/2017/3005 Date:20-11-2017

ਵੱਲ,

ਪ੍ਰਿੰਸੀਪਲ,
ਸਮੂਹ ਸਰਕਾਰੀ ਆਈ.ਟੀ.ਆਈ.ਸੰਸਥਾਵਾਂ
(ਅਪ੍ਰੈਂਟਿਸਸ਼ਿਪ ਸਕੀਮ ਅਧੀਨ)

ਵਿਸ਼ਾ: 106ਵੀਂ ਅਪ੍ਰੈਂਟਿਸਸ਼ਿਪ ਪ੍ਰੀਖਿਆ ਲਈ ਪ੍ਰੀਖਿਆ ਕੇਂਦਰ ਸਬੰਧੀ।

ਡੀ.ਜੀ.ਟੀ. ਨਵੀਂ ਦਿੱਲੀ ਦੇ ਪੱਤਰ ਨੰ: MSDE-18013/02/ATS/Oct./2017-TTC dated 29-09-2017 ਦਾ ਹਵਾਲਾ ਦਿੰਦੇ ਹੋਏ ਦੱਸਿਆ ਜਾਂਦਾ ਹੈ ਕਿ 106ਵੀਂ ਅਪ੍ਰੈਂਟਿਸਸ਼ਿਪ ਪ੍ਰੀਖਿਆ (ਨਵੰਬਰ 2017) ਕਰਵਾਉਣ ਲਈ ਪ੍ਰੋਗਰਾਮ ਅਤੇ ਪ੍ਰਾਪਤ ਮਿਤੀ: 28-09-2017 ਦੀ ਜਾਣਕਾਰੀ ਨੂੰ ਸਬੰਧਤ ਸੰਸਥਾਵਾਂ ਨੂੰ ਈਮੇਲ ਰਾਂਹੀ ਅਤੇ ਬੋਰਡ ਦਫਤਰ ਦੀ ਵੈਬਸਾਈਟ ਤੇ ਅਪਲੋਡ ਕਰਕੇ ਪਹਿਲਾਂ ਹੀ ਦਿੱਤੀ ਜਾ ਚੁੱਕੀ ਹੈ। ਕਿਉਂਜੋ ਇਸ ਬਾਰ Theoretical Subjects (Trade Theory, Employability Skills & WSC) ਦੀ ਪ੍ਰੀਖਿਆ ਆਨ ਲਾਈਨ ਪ੍ਰਣਾਲੀ ਰਾਹੀਂ ਮਿਤੀ: 28 ਤੋਂ 30-11-2017 ਦੌਰਾਨ ਕਰਵਾਈ ਜਾਣੀ ਹੈ ਜਿਸਦਾ ਸਮਾਂ, ਪ੍ਰੀਖਿਆ ਸੈਂਟਰ ਆਦਿ ਦੇ ਬਾਰੇ ਦਾ ਪੂਰਨ ਜਿਕਰ ਹਾਲ ਟਿਕਟ ਉਪਰ ਦਰਸਾਇਆ ਹੋਵੇਗਾ ਅਤੇ ਇਹਨਾਂ ਦੇ ਪ੍ਰਸ਼ਨ ਪੱਤਰ ਵੀ ਡੀ.ਜੀ.ਟੀ. ਨਵੀਂ ਦਿੱਲੀ ਵਲੋਂ ਈ.ਮੇਲ ਤੇ ਉਪਲਬਧ ਕਰਾਏ ਜਾਣਗੇ। ਡੀ.ਜੀ.ਟੀ. ਨਵੀਂ ਦਿੱਲੀ ਦੇ ਪੱਤਰ ਨੰ; MSDE-67(1)/2016-AP dated 16-11-2017 ਦੇ ਪੈਰਾ 3 ਅਨੁਸਾਰ ਕੁਝ ਤਕਨੀਕੀ ਕਾਰਣਾ ਕਰਕੇ ਟ੍ਰੇਡਾਂ ਦੇ ਆਫ ਲਾਈਨ ਹੋਣ ਪੇਪਰਾਂ ਪ੍ਰੈਕਟੀਕਲ ਅਤੇ ਡਰਾਇੰਗ ਦੇ ਐਡਮਿਟ ਕਾਰਡ ਅਪ੍ਰੈਂਟਸਸ਼ਿਪ ਪੋਰਟਲ ਅਨੁਸਾਰ ਜਾਰੀ ਨਹੀਂ ਹੋਣਗੇ। ਇਹਨਾਂ ਦੋਹਾਂ ਪੇਪਰਾਂ ਦੇ ਐਡਮਿਟ ਕਾਰਡ ਯੋਗ ਉਮੀਦਵਾਰਾਂ ਲਈ ਇਸਟੈਬਲਿਸ਼ਮੈਂਟਰ ਵਲੋਂ ਜਾਰੀ ਕੀਤੇ ਜਾਣਗੇ (ਇਸ ਪੱਤਰ ਦੀ ਜਾਣਕਾਰੀ ਸੰਸਥਾਵਾਂ ਨੂੰ ਬੋਰਡ ਵੈਬਸਾਈਟ ਰਾਹੀਂ ਮਹੱਈਆ ਕਰਵਾਈ ਜਾ ਚੁਕੀ ਹੈ) ਪ੍ਰੋਗਰਾਮ ਅਨੁਸਾਰ ਮਿਤੀ:22 11 2017 ਤੋਂ 25-11-2017 ਦੌਰਾਨ Engineering Drawing & Practical ਦੇ ਵਿਸ਼ੇ ਲਈ ਪ੍ਰੀਖਿਆ ਹੇਠ ਅਨੁਸਾਰ ਪਹਿਲਾਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾ ਵਿਖੇ ਪ੍ਰੀਖਿਆ ਕੇਂਦਰਾਂ ਨੂੰ ਬਣਾ ਕੇ ਕਰਵਾਈ ਜਾਵੇਗੀ:

| ਲੜੀਨੰ. | ਪ੍ਰੀਖਿਆ ਕੇਂਦਰ | ਕੇਂਦਰ ਸਮੇਤ ਅਧੀਨ ਆਉਂਦੀਆਂ ਸੰਸਥਾਵਾਂ |
|---|---|---|
| 1 | ਆਈ.ਟੀ.ਆਈ, ਪਟਿਆਲਾ | 1.ਆਈ.ਟੀ.ਆਈ, ਪਟਿਆਲਾ<br>2. ਸਰਕਾਰੀ ਆਈ.ਟੀ.ਆਈ ਰਾਜਪੁਰਾ,<br>3. ਸਰਕਾਰੀ ਆਈ.ਟੀ.ਆਈ ਸੁਨਾਮ, |
| 2 | ਆਈ.ਟੀ.ਆਈ ਰੋਪੜ | 4. ਆਈ.ਟੀ.ਆਈ ਰੋਪੜ<br>5. ਸਰਕਾਰੀ ਆਈ.ਟੀ.ਆਈ ਨਵਾਂਸ਼ਹਿਰ |
| 3 | ਆਈ.ਟੀ.ਆਈ ਲੁਧਿਆਣਾ | 6. ਆਈ.ਟੀ.ਆਈ ਲੁਧਿਆਣਾ<br>7. ਸਰਕਾਰੀ ਆਈ.ਟੀ.ਆਈ ਸਮਰਾਲਾ<br>8. ਸਰਕਾਰੀ ਆਈ.ਟੀ.ਆਈ ਮਲੇਰਕੋਟਲਾ |
| 4 | ਆਈ.ਟੀ.ਆਈ ਹੁਸ਼ਿਆਰਪੁਰ | 9. ਆਈ.ਟੀ.ਆਈ ਹੁਸ਼ਿਆਰਪੁਰ<br>10. ਸਰਕਾਰੀ ਆਈ.ਟੀ.ਆਈ (ਇ:) ਜਲੰਧਰ,<br>11. ਸਰਕਾਰੀ ਆਈ.ਟੀ.ਆਈ ਫਗਵਾੜਾ |
| 5 | ਆਈ.ਟੀ.ਆਈ ਮੋਗਾ | 12. ਆਈ.ਟੀ.ਆਈ ਮੋਗਾ<br>13. ਸਰਕਾਰੀ ਆਈ.ਟੀ.ਆਈ ਫਿਰੋਜ਼ਪੁਰ<br>14. ਸਰਕਾਰੀ ਆਈ.ਟੀ.ਆਈ ਫਰੀਦਕੋਟ |
| 6 | ਆਈ.ਟੀ.ਆਈ ਬਠਿੰਡਾ | 15. ਸਰਕਾਰੀ ਆਈ. ਟੀ.ਆਈ.ਬਠਿੰਡਾ |
| 7 | ਆਈ.ਟੀ.ਆਈ ਗੁਰਦਾਸਪੁਰ | 16. ਆਈ.ਟੀ.ਆਈ ਗੁਰਦਾਸਪੁਰ |

| | | |
|---|---|---|
| | | 17. ਸਰਕਾਰੀ ਆਈ.ਟੀ.ਆਈ (ਇ:), ਰਣਜੀਤ ਅਵੈਨਿਊ, ਅੰਮ੍ਰਿਤਸਰ,<br>18. ਸਰਕਾਰੀ ਆਈ.ਟੀ.ਆਈ. ਪੱਟੀ,<br>19. ਸਰਕਾਰੀ ਆਈ.ਟੀ.ਆਈ. ਬਟਾਲਾ |

ਦਸੱਣਯੋਗ ਹੈ ਕਿ ਡੀ.ਜੀ.ਟੀ ਦੇ ਪੱਤਰਨੰ: MSDE-18013/02/ATS/Oct./2017-TTC dated 28-09-2017 ਅਨੁਸਾਰ 106ਵੀਂ ਅਪ੍ਰੈਂਟਿਸਸ਼ਿਪ ਪ੍ਰੀਖਿਆ ਲਈ ਜਾਰੀ ਹਦਾਇਤਾਂ ਦੀ ਜਾਣਕਾਰੀ ਨੂੰ ਸੰਸਥਾਵਾਂ ਦੇ ਧਿਆਨ ਵਿਚ ਲਿਆਇਆ ਗਿਆ ਹ। ਸੰਸਥਾਵਾਂ ਨੂੰ ਪ੍ਰੀਖਿਆ ਵਿਚ ਅਪੀਅਰ ਹੋਣ ਵਾਲੇ ਯੋਗ ਸਿਖਿਆਰਥੀਆਂ ਦੇ ਏ.ਪੀ.ਆਰ ਅਤੇ ਰਜਿਸਟ੍ਰੇਸ਼ਨ ਦੀ ਜਮ੍ਹਾ ਫੀਸ ਦੀ ਜਾਣਕਾਰੀ ਮੁਹਇਆ ਕਰਾਉਣ ਸੰਬਧੀ ਬੋਰਡ ਦਫਤਰ ਦੇ ਪੱਤਰ ਨੰ:2948 ਮਿਤੀ:8-11-17 ਰਾਹੀਂ ਸੁਚਿਤ ਕੀਤਾ ਜਾ ਚੁਕਾ ਹੈ।

ਉਪਰੋਕਤ ਤੋਂ ਇਲਾਵਾ ਸੰਸਥਾਵਾਂ ਨੂੰ ਅਪ੍ਰੈਂਟਿਸਸ਼ਿਪ ਪ੍ਰੀਖਿਆ ਲਈ ਪਹਿਨਾ ਤੋਂ ਜਾਰੀ ਹਦਾਇਤਾਂ ਤੋਂ ਇਲਾਵਾ ਹੇਠ ਦਰਾਸਾਈਆਂ ਹਦਾਇਤਾਂ ਵੀ ਜਾਰੀ ਕੀਤੀਆਂ ਜਾਂਦੀਆਂ ਹਨ:

1. 106ਵੀ. ਅਪ੍ਰੈਂਟਿਸਸ਼ਿਪ ਪ੍ਰੀਖਿਆ ਦੌਰਾਨ ਥਿਊਰੀ, ਇੰਪਲਾਈਬਿਲਟੀ ਸਕਿੱਲ ਵਰਕਸ਼ਾਪ ਕੈਲਕੁਲੇਸ਼ਨ ਦੀ ਪ੍ਰੀਖਿਆ ਆਨ ਲਾਈਨ ਕਰਵਾਈ ਜਾਣੀ ਹੈ।
2. ਜਿਹੜੇ ਸਿਖਿਆਰਥੀ ਆਨ ਲਾਈਨ ਪ੍ਰੀਖਿਆ ਪੋਰਟਲ ਤੇ ਰਜਿਸਟਰ ਹੋਣਗੇ, ਕੇਵਲ ਉਹੀ ਸਿਖਿਆਰਥੀ 106ਵੀਂ ਅਪ੍ਰੈਂਟਿਸਸ਼ਿਪ ਪ੍ਰੀਖਿਆ ਵਿੱਚ ਅਪੀਅਰ ਹੋ ਸਕਦੇ ਹਨ।
3. ਪ੍ਰੀਖਿਆ ਤੋਂ ਪਹਿਲਾਂ ਇਹ ਯਕੀਨੀ ਬਣਾਇਆ ਜਾਵੇ ਕਿ ਕਿਸੇ ਵੀ ਸਿਖਿਆਰਥੀ ਨੂੰ ਹਾਲ ਟਿਕਟ/ ਰੋਲ ਨੰ: ਤੋਂ ਬਿਨਾਂ ਪ੍ਰੀਖਿਆ ਵਿਚ ਨਾ ਬਿਠਾਇਆ ਜਾਵੇ ਅਤੇ ਜੇਕਰ ਕਿਸੇ ਵੀ ਸੰਸਥਾ ਦੁਆਰਾ ਅਜਿਹਾ ਹੋਣਾ ਸਾਹਮਣੇ ਆਉਂਦਾ ਹੈ ਤਾਂ ਸਬੰਧਤ ਸੰਸਥਾ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ।
4. ਪ੍ਰੀਖਿਆ ਦੌਰਾਨ ਇਨਵੀਜੀਲੇਟਰ ਇਸ ਗੱਲ ਦਾ ਧਿਆਨ ਰੱਖਣ ਕਿ ਸਿਖਿਆਰਥੀਆਂ ਵਲੋਂ ਆਪਣਾ ਸਹੀ ਰੋਲ ਨੰ: ਹੀ ਉੱਤਰ ਕਾਪੀ ਵਿਚ ਦਰਸਾਇਆ ਜਾਵੇ। ਉੱਤਰ ਕਾਪੀ /ਹਾਜਰੀ ਚਲਾਨ ਵਿਚ ਸਿਖਿਆਰਥੀ ਵਲੋਂ ਕਿਸੇ ਕਿਸਮ ਦੀ ਨਿਸ਼ਾਨੀ ਜਾਂ ਮੋਬਾਇਲ ਨੰਬਰ ਦੀ ਜਾਣਕਾਰੀ ਨੂੰ ਨਾ ਦਰਸਾਇਆ ਜਾਵੇ।
5. ਇਨਵਿਜੀਲੇਟਿਗ ਸਟਾਫ ਵਲੋਂ ਸਿਖਿਆਰਥੀਆਂ ਦਾ ਪੂਰਾ ਰੋਲ ਨੰ:, ਸਬਜੈਕਟ ਕੋਡ, ਪ੍ਰੀਖਿਆ ਦੀ ਮਿਤੀ ਰੈਗੂਲਰ/ਰੀਅਪੀਅਰ ਅਤੇ ਵਿਸ਼ੇ ਦਾ ਨਾਮ ਚੈਕ ਕੀਤਾ ਜਾਵੇ ਅਤੇ ਪ੍ਰੀਖਿਆ ਸਟੈਪ ਦਾ ਸਹੀ ਇਸਤੇਮਾਲ ਕਰਨਾ ਯਕੀਨੀ ਬਣਾਇਆ ਜਾਵੇ।
6. ਪ੍ਰੀਖਿਆ ਕੇਂਦਰਾਂ ਦੇ ਬਾਹਰਲੇ ਗੇਟ ਤੋਂ ਲੈਕੇ ਕਮਰੇਆਂ ਦੇ ਅੰਦਰਲੇ ਦਰਵਾਜੇ (ਜੇਕਰ ਕੋਈ ਹੋਵੇ) ਵੀ ਖੁੱਲੇ ਰੱਖੇ ਜਾਣ, ਤਾਂ ਜੋ ਚੈਕਿੰਗ ਸਟਾਫ ਨੂੰ ਕੋਈ ਔਖ ਨਾ ਹੋਵੇ।
7. ਪ੍ਰੀਖਿਆ ਕੇਂਦਰਾਂ ਦੁਆਰਾ ਪ੍ਰੀਖਿਆ ਹਾਲ/ ਕਮਰੇ ਵਿੱਚ ਦੋ ਵੱਖ -ਵੱਖ ਟ੍ਰੇਡਾਂ ਦੇ ਸਿਖਿਆਰਥੀਆਂ ਨੂੰ ਬਿਠਾਇਆ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਪ੍ਰੀਖਿਆ ਦੌਰਾਨ ਨਕਲ ਰੋਕਣ ਦੇ ਪੁਖਤਾ ਇੰਤਜਾਮ ਕੀਤੇ ਜਾਣ।
8. ਸੰਸਥਾਵਾਂ ਦੁਆਰਾ ਸਿਖਿਆਰਥੀਆਂ ਦੀ ਹਾਜਰੀ ਸਬੰਧੀ ਰਿਕਾਰਡ ਵੀ ਰੱਖਿਆ ਜਾਵੇ।
9. ਪ੍ਰੀਖਿਆ ਦੌਰਾਨ ਕੋਈ ਅਣਸੁਖਾਵੀਂ ਘਟਨਾ ਨਾ ਹੋਵੇ ਇਸ ਕਰਕੇ ਪ੍ਰੀਖਿਆ ਕੇਂਦਰਾਂ ਵਲੋਂ ਪੁਲਿਸ ਸੁਰੱਖਿਆ ਦਾ ਇੰਤਜਾਮ ਰੱਖਣਾ ਯਕੀਨੀ ਬਣਾਇਆ ਜਾਵੇ।
10. ਪ੍ਰੀਖਿਆ ਕੇਂਦਰਾਂ ਵਲੋਂ ਪੇਪਰ ਖਤਮ ਹੋਣ ਉਪਰੰਤ ਪ੍ਰੀਖਿਆ ਕੇਂਦਰ ਉਸੇ ਦਿਨ ਡਰਾਇੰਗ ਸ਼ੀਟਾਂ ਅਤੇ ਚਲਾਨ ਨੂੰ ਲਿਫਾਫੇ ਵਿਚ ਸੀਲ ਕਰਨ ਉਪਰੰਤ ਪੈਕਟ ਉਪੱਰ ਪ੍ਰੀਖਿਆ ਸੈਂਟਰ ਦਾ ਨਾਂ ਤੇ ਕੋਡ, ਪ੍ਰੀਖਿਆ ਕੇਂਦਰ ਅਧੀਨ ਆਉਂਦੀਆਂ ਸੰਸਥਾਂਵਾਂ ਦਾ ਨਾਂ ਤੇ ਕੋਡ, ਪੇਪਰ ਦਾ ਨਾਂ, ਟ੍ਰੇਡ ਦਾ ਨਾਂ ਤੇ ਕੋਡ, ਪ੍ਰੀਖਿਆ ਮਿਤੀ:, ਇਜ: ਡਰਾਇੰਗ ਦੀਆਂ ਕਾਪੀਆਂ ਦੀ ਗਿਣਤੀ ਆਦਿ ਦਰਸਾ ਕੇ ਸੁਰੱਖਿਅਤ ਬੋਰਡ ਦਫਤਰ ਵਿਖੇ ਮਿਤੀ: 23-11-2017 ਤੱਕ ਹਰ ਹਾਲਤ ਵਿਚ ਪੰਹੁਚਾਇਆ ਜਾਵੇ।
11. ਪ੍ਰੀਖਿਆ ਕੇਂਦਰਾਂ ਦੁਆਰਾ ਪ੍ਰੈਕਟੀਕਲ ਦੇ ਅਵਾਰਡ ਲਿਸਟਾਂ ਵਿਚ ਦਰਸਾਏ ਨੰਬਰਾਂ ਨੂੰ .xls ਫਾਰਮੇਟ ਵਿਚ ਕਾਲਮ ਵਾਈਜ਼ (DGET Code, Trade Code, Trade Name, Regd. No. Student Name, Semester,

Subject, Marks, Status (Present/ Absent)) ਤਿਆਰ ਸਾਫਟ ਫਾਈਲ ਨੂੰ ਬੋਰਡ ਨੂੰ updateresult4@gmail.com ਤੇ ਮਿਤੀ: 27-11-2017 ਨੂੰ ਭੇਜਣਾ ਯਕੀਨੀ ਬਣਾਇਆ ਜਾਵੇ ਅਤ ਦੀ ਇਕ ਕਾਪੀ ਸੰਸਥਾ ਵਿਖੇ ਰਿਟੇਨ ਕਰਕੇ ਅਸਲ ਅਵਾਰਡ ਲਿਸਟਾਂ ਨੂੰ ਬੋਰਡ ਦਫਤਰ ਵਿਖੇ ਦਸਤੀ ਜਾਂ ਰਜਿਸਟਰਡ ਪੋਸਟ ਰਾਹੀਂ ਤੁਰੰਤ ਭੇਜੀਆਂ ਜਾਣ।

12. ਥਿਊਰੀ ਪੇਪਰਾਂ ਲਈ ਆਫ ਲਾਈਨ ਪ੍ਰੀਖਿਆ ਨਹੀਂ ਕਰਵਾਈ ਜਾਵੇਗੀ ਅਤੇ ਪ੍ਰਸ਼ਨ ਪੱਤਰਾਂ ਦੀ ਹਾਰਡ ਕਾਪੀ ਮਹੱਈਆ ਨਹੀਂ ਕਰਵਾਈ ਜਾਵੇਗੀ, ਪ੍ਰੈਕਟੀਕਲ ਅਤੇ ਇਜ: ਡਰਾਇੰਗ ਦੇ ਪ੍ਰਸ਼ਨ ਪੱਤਰਾਂ ਦੀ ਪਾਸਵਰਡ ਪਰੋਟੈਕਟਿਡ ਸਾਫਟ ਕਾਪੀ ਈ.ਮੇਲ ਰਾਹੀਂ ਹੀ ਭੇਜੀ ਜਾਵੇਗੀ
13. ਥਿਊਰੀ, ਵਰਕਸ਼ਾਪ ਅਤੇ ਇੰਪਲਾਇਬਿਲਟੀ ਦੇ ਪੇਪਰ ਦੀ ਹਾਲ ਟਿਕਟ ਆਨ-ਲਾਈਨ ਪ੍ਰੀਖਿਆ ਪੋਰਟਲ ਤੇ ਹੀ ਜਨਰੇਟ ਹੋਵੇਗੀ।
14. ਰਿਜਲਟ ਵੀ ਪਹਿਲਾਂ ਚਲ ਰਹੀ ਪ੍ਰਕਿਆ ਅਨੁਸਾਰ ਹੀ ਜਾਰੀ ਕੀਤਾ ਜਾਵੇਗਾ।
15. ਐਨ.ਸੀ.ਵੀ.ਟੀ. ਅਪ੍ਰੈਂਟਿਸਸ਼ਿਪ ਪੋਰਟਲ ਤੇ ਰਜਿਸਟਰ ਸਿਖਿਆਰਥੀਆਂ ਦੇ ਸੈਸ਼ਨਲ ਅਤੇ ਹਾਜਰੀ ਪੋਰਟਲ ਤੇ ਹੀ ਅਪਲੋਡ ਕੀਤੇ ਜਾਣ ਤਾਂ ਜੋ ਸੰਬਧਤ ਸਿਖਿਆਰਥੀਆਂ ਦੀਆਂ ਹਾਲ ਟਿਕਟ ਜਾਰੀ ਹੋਣ ਤੇ ਰਿਜ਼ਲਟ ਜਾਰੀ ਹੋ ਸਕੇ।
16. Further an undertaking is to be given by Principal/ Controller of Examination of Exam. Centre that the CCTV cameras which have been installed at the examination centres are working properly. After examination, recordings through CCTV cameras is to be sent to the Board's office. It is also instructed thtat the recording would be made for both Theory and Practical Examination. Kindly email (ceitipb@gmail.com) and ensure that the submission of
the hard copies in the Board's office.

ਆਪ ਨੂੰ ਹਦਾਇਤ ਹੈ ਕਿ ਹੋਏ ਹੁਕਮਾਂਦੀ ਇਨੰ-ਬਿੰਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

20.11.17

ਕੰਟਰੋਲਰ ਪ੍ਰੀਖਿਆਵਾਂ ਆਈ.ਟੀ.ਆਈ.
ਵਾ: ਸਕੱਤਰ

Endst No.PSBTE&IT/ITI/2017/ 3006

Date:20-11-2017

ਉਪਰੋਕਤ ਦਾ ਇਕ ਉਤਾਰਾ ਹੇਠ ਦਰਸਾਇਆਂ ਨੂੰ ਜਾਣਕਾਰੀ ਹਿਤ ਭੇਜਿਆ ਜਾਂਦਾ ਹੈ:-

1. ਪੀ.ਏ. ਟੂ ਸਕੱਤਰ, ਪੰਜਾਬ ਰਾਜ ਤਕਨੀਕੀ ਸਿੱਖਿਆ ਬੋਰਡ,ਚੰਡੀਗੜ੍ਹ
2. ਐਡਮਿਨ ਅਫਸਰ
3. ਸਿਸਟਮ ਐਡਮਿਨਸਟ੍ਰੇਟਰ

ਕੰਟਰੋਲਰ ਪ੍ਰੀਖਿਆਵਾਂ ਆਈ.ਟੀ.ਆਈ.
ਵਾ: ਸਕੱਤਰ